# THE PUNJAB STATE BOARD OF TECHNICAL EDUCATION AND INDUSTRIAL TRAINING

Plot No. 1-A, Sec. 36-A, Chandigarh Ph.: 0172-2615385 Fax: 2664333 e-mail: ceitipb@gmail.com


ਨੰ: ਪੀ.ਐਸ.ਬੀ .ਟੀ/ਆਈ.ਟੀ.ਆਈ/2014/ 2587 ਮਿਤੀ: 7/12/14

ਸੇਵਾ ਵਿਖੇ

ਪ੍ਰਿੰਸੀਪਲ ,
ਸਮੂਹ ਪ੍ਰਾਈਵੇਟ/ਸਰਕਾਰੀ ਆਈ.ਟੀ.ਆਈ/ਇ:,
ਪੰਜਾਬ ਰਾਜ ਅਧੀਨ ।

ਵਿਸ਼ਾ : 2009 ਤੋ ਪਹਿਲਾ ਪਾਸ ਹੋ ਚੁੱਕੇ ਸਿਖਿਆਰਥੀਆ ਦਾ ਐਨ.ਟੀ.ਸੀ ਡਾਟਾ Format X ਤੇ ਭੇਜਣ ਸਬੰਧੀ ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੋਰਡ ਦਫਤਰ ਦੇ ਪੱਤਰ ਨੰਬਰ ਪੀ.ਐਸ.ਬੀ /ਆਈ.ਟੀ/4309 ਮਿਤੀ 27/12/2011 ਰਾਹੀ ਪਹਿਲਾ ਵੀ ਸਮੂਹ ਸੰਸਥਾਵਾਂ ਨੂੰ ਪੱਤਰ ਵਿਹਾਰ ਰਾਹੀ ਸੂਚਿਤ ਕਰ ਦਿੱਤਾ ਗਿਆ ਸੀ ਕਿ 2009 ਤੋ ਪਹਿਲਾ ਪਾਸ ਹੋਏ ਸਿਖਿਆਰਥੀਆਂ ਨੂੰ ਐਨ.ਟੀ..ਸੀ ਜਾਰੀ ਕਰਨ ਸਬੰਧੀ ਸੂਚਨਾ Format X ਅਨੁਸਾਰ ਬਣਾ ਕੇ ਤੁਰੰਤ ਭੇਜੀ ਜਾਵੇ । ਬਹੁਤੀਆਂ ਸੰਸਥਾਵਾਂ ਵੱਲੋਂ ਸੂਚਨਾ ਜਮ੍ਹਾਂ ਕਰਵਾਈ ਜਾ ਚੁੱਕੀ ਹੈ ਅਤੇ ਐਨ ਟੀ ਸੀ ਵੀ ਜਾਰੀ ਕੀਤੇ ਜਾ ਚੁੱਕੇ ਹਨ। ਪਰੰਤੂ ਕੁੱਝ ਅਜਿਹੀਆ ਸੰਸਥਾਵਾਂ ਹਨ ਜਿਹਨਾ ਨੇ ਹੁਣ ਤੱਕ ਇਹ ਸੂਚਨਾ ਬੋਰਡ ਦਫਤਰ ਨੂੰ ਲੋੜੀਦੇ Format ਵਿੱਚ ਮੁਹੱਈਆ ਨਹੀ ਕਰਵਾਈ। ਜਿਸ ਕਾਰਣ ਸਿਖਿਆਰਥੀਆਂ ਨੂੰ ਐਨ.ਟੀ.ਸੀ ਜਾਰੀ ਕਰਵਾਉਣ ਲਈ ਦਿੱਕਤ ਪੇਸ਼ ਆ ਰਹੀ ਹੈ ।

ਸੰਸਥਾਵਾਂ ਨੂੰ ਮੁੜ ਸੂਚਿਤ ਕੀਤਾ ਜਾ ਰਿਹਾ ਹੈ ਕਿ ਜਿਨਾ ਸੰਸਥਾਵਾਂ ਵੱਲੋਂ ਐਨ ਟੀ ਸੀ ਸਰਟੀਫਿਕੇਟ ਸੈਸ਼ਨ 2010-2011 ਤੋ ਪਹਿਲਾ ਭਰ ਕੇ ਜਮਾ ਕਰਵਾਏ ਗਏ ਸਨ ਅਤੇ ਅਜੇ ਵੀ ਪੱਤਰ ਵਿਹਾਰ ਰਾਹੀ ਉਨਾ ਸਰਟੀਫਿਕੇਟਾਂ ਦੀ ਮੰਗ ਕੀਤੀ ਜਾ ਰਹੀ ਹੈ , ਇਹ ਸਾਰੇ ਸਰਟੀਫਿਕੇਟ ਕੈਂਸਲ ਕਰ ਦਿੱਤੇ ਗਏ ਹਨ । ਜੇਕਰ ਕਿਸੇ ਵੀ ਸੰਸਥਾ ਦਾ ਕੋਈ ਸਿਖਿਆਰਥੀ ਅਜਿਹਾ ਹੈ ਜਿਸ ਨੂੰ ਐਨ.ਟੀ.ਸੀ ਪ੍ਰਾਪਤ ਨਹੀ ਹੋਇਆ ਉਸ ਦਾ ਡਾਟਾ ਜਲਦ ਤੋ ਜਲਦ ਬੋਰਡ ਦਫਤਰ ਵਿਖੇ ਲੋੜੀਦੇ Format X ਅਨੁਸਾਰ ਮੁਹੱਇਆ ਕਰਵਾਇਆ ਜਾਵੇ, ਸੰਸਥਾਵਾਂ ਕਿਸੇ ਵੀ ਕਿਸਮ ਦੀ ਦੇਰੀ ਨਾ ਵਰਤਣ।

ਸੰਸਥਾਵਾਂ ਪੁਰਾਣੇ ਪੈਡਿੰਗ ਸਰਟੀਫਿਕੇਟਾਂ ਬਾਰੇ ਮੁੜ-ਮੁੜ ਪੱਤਰ ਵਿਹਾਰ ਨਾ ਕਰਨ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਸਾਰੇ ਪੈਡਿੰਗ ਐਨ.ਟੀ.ਸਰਟੀਫਿਕੇਟਾ ਦਾ ਡਾਟਾ ਬੋਰਡ ਦਫਤਰ ਵਿਖੇ ਜਮਾ ਕਰਵਾਇਆ ਜਾ ਚੁੱਕਾ ਹੈ । ਜਿਨ੍ਹਾਂ ਸੰਸਥਾਵਾਂ ਕੋਲ ਖਾਲੀ ਐਨ. ਟੀ. ਸੀ ਪਏ ਹਨ, ਉਹ ਜਲਦ ਤੋ ਜਲਦ ਬੋਰਡ ਦਫਤਰ ਵਿਖੇ ਜਮ੍ਹਾ ਕਰਵਾ ਦੇਣ।

ਸ. ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)

ਨੰ:ਪੀ ਐਸ.ਬੀ/ਆਈ.ਟੀ.ਆਈ/2014/ ਮਿਤੀ:

ਉਪਰੋਕਤ ਦਾ ਉਤਾਰਾ ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਸ. ਕੰਟਰੋਲਰ ਪ੍ਰੀਖਿਆਵਾਂ(ਆਈ.ਟੀ.ਆਈ)